ਵਲੋਂ,

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ,

ਮੋਹਾਲੀ ।

ਵੱਲ

ਸਮੂਹ ਕੇਂਦਰ ਸੁਪਰਡੰਟ,

ਨੰ:- ਪਸਸਬ-ਸ.ਸ(ਗੁਪਤ)2023/-1383 ਮਿਤੀ: 06-03-2023

**ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰਵੀਂ ਪ੍ਰੀਖਿਆ ਫਰਵਰੀ/ਮਾਰਚ-2023 ਲਈ ਹੱਲ ਹੋਈਆ ਉੱਤਰ ਪੱਤਰੀਆਂ ਦੇ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾ ਕਰਵਾਉਣ ਸਬੰਧੀ ਹਦਾਇਤਾਂ ।**

ਬੋਰਡ ਦਫਤਰ ਵੱਲੋ ਜਾਰੀ ਪੱਤਰ ਨੰ ਪਸਸਬ-ਸ.ਸ(ਗੁਪਤ)/2023/1252 ਮਿਤੀ:16-02-2023 ਦੀ ਲਗਾਤਾਰਤਾ ਵਿੱਚ ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਬੋਰਡ ਦਫਤਰ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਨਹੀ ਕੀਤੀ ਜਾ ਰਹੀ ਅਤੇ ਹੱਲ ਹੋਈਆਂ ਉੱਤਰ-ਪੱਤਰੀਆਂ ਦੇ ਸੀਲ ਬੰਦ ਪੈਕਟ ਸਬੰਧਤ ਇਕੱਤਰ ਕੇਂਦਰਾਂ ਤੇ ਸਮੇ ਸਿਰ ਜਮ੍ਹਾਂ ਨਹੀ ਕਰਵਾ ਜਾ ਰਹੇ । ਇਸ ਸਬੰਧੀ ਬੋਰਡ ਦਫਤਰ ਵੱਲੋ ਗੰਭੀਰ ਨੋਟਿਸ ਲਿਆ ਗਿਆ ਹੈ । ਇਸ ਲਈ ਸਮੂਹ ਪ੍ਰੀਖਿਆ ਕੇਂਦਰਾ ਨੂੰ ਮੁੜ ਤੋ ਹਦਾਇਤ ਕੀਤੀ ਜਾਦੀ ਹੈ ਕਿ ਪ੍ਰੀਖਿਆ ਸਮਾਪਤ ਹੋਣ ਉਪੰਰਤ ਤੁਰੰਤ ਉਸੇ ਹੀ ਦਿਨ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਬਿਨਾ ਦੇਰੀ ਤੋਂ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਣ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਇਕੱਤਰ ਕੇਂਦਰ ਤੇ ਦੇਰੀ ਨਾਲ ਜਮ੍ਹਾਂ ਕਰਵਾਉਣ ਵਾਲੇ ਕੇਂਦਰ ਸੁਪਰਡੰਟਾ ਵਿਰੁਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਸਿੱਖਿਆ ਵਿਭਾਗ ਪੰਜਾਬ ਸਰਕਾਰ/ਸਬੰਧਤ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ ।

**ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਡੀ.ਏ ਕੋਡ ਨਾਲ ਸਬੰਧਤ ਉੱਤਰ ਪੱਤਰੀਆਂ ਦੇ ਵੱਖਰੇ-ਵੱਖਰੇ ਸੀਲ ਬੰਦ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾਂ ਕਰਵਾਏਂ ਜਾਣ ।** ਬੋਰਡ ਦਫਤਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

6/3/2023

ਸਹਾਇਕ ਸਕੱਤਰ (ਗੁਪਤ)

ਵਾਸਤੇ : ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ।